NOTICE

OVOBEL FOODS LIMITED

319/1-329 Golden Point 2nd Floor, Off Queens Road Cross B/H Jain Hospital, Vasanth Nagar, Bengaluru Karnataka, 560001

NOTICE is hereby given that pursuant to **SEBI Circular SEBI/HO/38/13/11(2) 2026-MIRSD-POD/1/370/2026 dated 30th January,2026**, a request has been received by the Company from **ANIL RAMCHANDRA SHAH** residing at **1 Aravalli Hills, Nr Bandhan Party Plot, Piplag Chowkdi Nadiad Kheda, Gujarat-387001** to transfer the below mentioned securities held in the name(s) of the security holder(s) as detailed below, to his name. These securities were claimed to have been purchased by him and could not be transferred in favor.

Folio No.	Name of the Holders & Address	Security Type & Face Value	No. of Securities	Distinctive Nos. From	Distinctive Nos. To
0001473	RAMADOSS N 10 Third Cross Street, Dr Rahakrishnan Nagar, Chennai - 600041	Equity Face Value Rs.10/-	300	9697601	9697900
0000074	20TH CENTURY FIN CORPORATION LTD Protoprima Chambers, IInd Floor, Suren Road, Andheri East, Mumbai - 400093		500	5699601	5700100

Any person who has a claim in respect of the abovementioned securities, should lodge such claim with the Company at its Registered Office within 30 days from this date along with appropriate documentary evidence thereof in support of such claim, else the Company will proceed to transfer the securities in favor of **ANIL RAMCHANDRA SHAH**, without any further intimation.

Ovobel Foods Limited
Sd/-
Company Secretary

Place : Bangalore
Dated : 25.8.2026

ICON FACILITATORS LIMITED

Regd. Office:C-28, 2nd Floor Community Centre, Janakpuri, New Delhi, India, 110058
Phone : 011-42603176; Email : iconfacilities@gmail.com
Website : www.iconf.in; CIN: L93000DL2013PLC258273

NOTICE FOR REGISTRATION OF EMAIL ID'S FOR THE PURPOSE OF THE 13TH ANNUAL GENERAL MEETING TO BE HELD THROUGH VIDEO CONFERENCE / OTHER AUDIO VISUAL MEANS

Notice is hereby given that the 13th Annual General Meeting (**"AGM"**) of Icon Facilitators Limited is scheduled to be held on Monday, September 28, 2026 at 03:30 P.M. through Video Conference (**"VC"**) /Other Audio Visual Means (**"OAVM"**) to transact the businesses as set out in the AGM Notice which will be circulated in due course for convening the AGM. The Company has engaged CDSL to provide the facility of remote e-voting prior to the AGM and during the AGM to the members of the Company.

In accordance with Companies Act, 2013 read with General Circular No. 03/2025 dated September 22, 2025 issued by Ministry of Corporate Affairs (MCA) and SEBI (Listing Obligations and Disclosure Requirements) Regulations, 2015, companies are permitted to conduct the Annual General Meeting through Video Conference (VC)/Other Audio Visual Means (**"OAVM"**) without physical presence of the members at a common venue. Hence, as stated above, 13th AGM of the Company will be held through VC/OAVM on Monday, September 28, 2026 at 03:30 P.M. without physical presence of the members.

The Annual Report including the Financial Statements for the financial year ended March 31, 2026 along with the Notice of the AGM will be sent electronically to those members whose email addresses are registered with the Company/Registrar and Share Transfer Agent of the Company/with the respective Depositary Participant(s) in accordance with the Circulars referred above. No physical copy of the Notice and Annual Report will be sent to any member, however physical copy of the Annual Report will be sent to the shareholders upon request for the same.

The Company will also be sending physical communication to the Members whose email addresses are not registered/updated with the DPs, which shall contain the web-link of the Company's website to access the Notice, Annual Report for the FY 2025-26 and other relevant documents.

Members may note that the Notice of the AGM and Annual Report for the year 2025-26 will also be available at the Company's website at **www.iconf.in** website of the stock exchange i.e. BSE Limited at **www.bseindia.com** and website of Registrar and The Notice of AGM is also available on website of Central Depository Services (India) Limited (CDSL) at **www.evotingindia.com.** The instructions for joining the AGM are provided in the Notice of the AGM. Members participating in the AGM through VC/OAVM will be counted for the purpose of reckoning the quorum under Section 103 of the Act.

The Company is providing remote e-voting facility (**"Remote e-voting"**) to all its members to cast their votes on all resolutions set out in the Notice of the AGM. Additionally, the facility for voting through the e-voting system during the AGM will be provided to members, details of which are set out in the Notice of the AGM.

Manner of registering/updating e-mail address:

As the entire shareholding of the Company is held in dematerialized form, all the Members are requested to register/ update their email address(es) with their respective Depository Participant(s) (DPs) to receive all future shareholder communications.

The Notice of AGM and Annual Report 2025-2026 will be sent to shareholders in accordance with the applicable laws on their registered e-mail addresses in due course.

For **ICON FACILITATORS LIMITED**
Sd/-
Pooja
Company Secretary

Date : 26.08.2026
Place : New Delhi

COMFORT FINCAP LIMITED

COMFORT FINCAP

CIN: L65923WB1982PLC035441
Registered Office.: 22, Block B, Camac Street, Behind Pantaloons, Kolkata, West Bengal - 700 016;
Corporate Office.: 301, 3rd Floor, A wing, Hetal Arch, S. V. Road, Malad (West), Mumbai - 400064;
Phone No.: 022 - 6894 8508 /09
Email: info@comfortfincap.com; **Website:** www.comfortfincap.com

INFORMATION REGARDING 44th ANNUAL GENERAL MEETING OF THE COMPANY TO BE HELD THROUGH VIDEO CONFERENCE ("VC") / OTHER AUDIO-VISUAL MEANS ("OAVM")

Notice is hereby given that the **44th (Forty-Fourth) Annual General Meeting** ("the AGM/the Meeting") of the Members of **Comfort Fincap Limited** ("the Company") will be held on **Monday, September 21, 2026** at **03:00 P.M. (IST)** through Video Conference ("VC")/ Other Audio-Visual Means ("OAVM") via facility provided by National Securities Depository Limited in compliance with all the applicable provisions of the Companies Act, 2013 ("Act") and the Rules made thereunder and the Securities and Exchange Board of India (Listing Obligations and Disclosure Requirements) Regulations, 2015 ("SEBI Listing Regulations") read with all applicable circulars on the matter issued from time to time by the Ministry of Corporate Affairs ("MCA") and the Securities and Exchange Board of India, to transact the business set out in the Notice calling the AGM.

1. **Dispatch of Annual Report:**

   The e-copy of the Notice of the 44th AGM along with the Annual Report for the financial year 2025-26 of the Company will be available on the website of the Company at www.comfortfincap.com. Additionally, the Notice of AGM will also be made available and may be accessed from the website of BSE Limited at www.bseindia.com and National Securities Depository Limited at www.evoting.nsdl.com.

   Members can attend and participate in the AGM ONLY through the VC/OVAM facility, the details of which will be provided by the Company in the Notice of AGM. Accordingly, please note that no provision has been made to attend and participate in the 44th AGM of the Company in person. Members attending the meeting through VC/OVAM shall be counted for the purpose of reckoning quorum under Section 103 of the Act.

   The Notice of AGM along with the Annual Report will be sent electronically to those Members whose e-mail addresses are registered with the Company/ Registrar & Share Transfer Agent ('**Registrar/ RTA**')/ Depository Participants ('**DPs**'). Further, as per the SEBI Listing Regulations a letter providing the web-link, including the exact path, where Annual Report for the financial year 2025-26 is available, will be sent to those Members whose e-mail address is not registered with the Company. Also, the hard copies of the Notice of 44th AGM and Annual Report for the financial year 2025-26 will not be sent to any shareholders, unless any member has requested for the same.

   Shareholders holding shares in dematerialised mode are requested to register their email addresses and mobile numbers with their relevant depositories through their DPs. Shareholders holding shares in physical mode are requested to furnish their email addresses and mobile numbers with the Company's RTA i.e. Bigshare Services Private Limited at info@bigshareonline.com along with self-attested copy of PAN Card.

2. **Manner of casting vote(s) through e-voting:**

   The shareholders will have an opportunity to cast their vote through electronic means either during the remote e-voting period before the AGM or through e-voting during the AGM. The manner of e-voting for shareholders holding shares in dematerialized mode, physical mode and process for registration of email addresses for those shareholders who have not yet registered the same will be provided in the Notice to the shareholders.

3. **Dividend:**

   Members may note that the Board of Directors at its Meeting held on Thursday, May 14, 2026, has recommended a final dividend of 5% (Five percent) of the Paid-up Equity Share Capital of the Company, i.e. Rs. 0.10/- (Ten Paise Only) per equity share of face value of Rs. 02/- (Rupees Two Only) each for the financial year ended March 31, 2026, subject to approval of the shareholders at the 44th AGM of the Company. The Dividend, if approved at the AGM, will be paid within 30 days of the AGM. Further, pursuant to Section 91 of the Act read with Rules made thereunder, the Register of Members and Share Transfer Books of the Company will remain closed from Tuesday, September 15, 2026 to Monday, September 21, 2026 (both days inclusive) for the purposes of AGM and declaration of Final Dividend for the financial year 2025-26. The Company has fixed Monday, September 14, 2026 as the 'Record Date' for determining eligible shareholders entitle to dividend. Shareholders holding shares in electronic mode are requested to register their Bank details with the relevant Depository Participant. This will enable the Company to make timely credit of dividend to the Shareholders in their respective bank accounts.

4. **TDS on Dividend:**

   As per the Income Tax Act, 2025 ("IT Act"), dividends paid or distributed by the Company is taxable in the hands of the Members. Hence, the final dividend, if declared by Members at the 44th AGM, shall be paid after deducting tax at source ('TDS') in accordance with the relevant provisions of the Income-tax Act. For more details, please refer to the Notes to the Notice of the AGM and TDS related email communication which will be sent to shareholders and the same will also be available on the website of the Company at www.comfortfincap.com.

5. **Manner of registering KYC including bank details for receiving dividend:**

   a) **Shareholders holding shares in physical mode** are requested to register/update their PAN, KYC details, including mobile number, e-mail ID, bank account details and specimen signature, with Bigshare Services Private Limited, the Registrar and Share Transfer Agent of the Company, by submitting the prescribed forms and requisite documents. The prescribed forms are available on the RTA's website at www.bigshareonline.com and on the Company's website at www.comfortfincap.com.

   b) **Shareholders holding shares in demat mode** are requested to register/update their PAN, KYC and bank account details with their respective Depository Participant.

By Order of the Board of Directors of
Comfort Fincap Limited
Sd/-
Ankur Agrawal
Chairperson & Director
DIN: 06408167

Date: August 26, 2026
Place: Mumbai

ਵਿਸ਼ੇਸ਼ ਗਹਿਰੀ ਸੁਧਾਈ : ਅਨਮੈਪਡ ਵੋਟਰਾਂ ਦੀ ਵਿਸ਼ੇਸ਼ ਸੁਣਵਾਈ ਜਾਰੀ

ਨੋਟਿਸ ਅਤੇ ਸੁਣਵਾਈ ਪ੍ਰਕਿਰਿਆ ਜਾਰੀ

ਬਠਿੰਡਾ, 25 ਅਗਸਤ (ਗੁਰਰਾਜ ਸਿੰਘ ਚਹਿਲ) ਵਿਸ਼ੇਸ਼ ਗਹਿਰੀ ਸੁਧਾਈ ਦੇ ਦੂਜੇ ਪੜਾਅ ਤਹਿਤ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਆਈ.ਏ.ਐੱਸ. ਦੀ ਅਗਵਾਈ ਹੇਠ ਜ਼ਿਲ੍ਹਾ ਬਠਿੰਡਾ ਵਿੱਚ ਸਾਲ 2003 ਦੀ ਵੋਟਰ ਸੂਚੀ ਨਾਲ ਮੈਪ ਨਾ ਹੋਣ ਵਾਲੇ (ਜਿਨ੍ਹਾਂ ਦੇ ਫਾਰਮ ਪ੍ਰਾਪਤ ਹੋਏ ਹਨ ਪਰ ਮੈਪਿੰਗ ਨਹੀਂ ਹੋਈ) ਵੋਟਰਾਂ ਨੂੰ ਨੋਟਿਸ ਜਾਰੀ ਕਰਨ ਅਤੇ ਸੁਣਵਾਈ ਦੀ ਪ੍ਰਕਿਰਿਆ ਜਾਰੀ ਹੈ ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ ਰਾਜੇਸ਼ ਧੀਮਾਨ ਨੇ ਦੱਸਿਆ ਸਹਾਇਕ ਈ.ਆਰ.ਓ (ਚੋਣ ਰਜਿਸਟ੍ਰੇਸ਼ਨ ਅਫ਼ਸਰ) ਵੱਲੋਂ ਸੁਣਵਾਈ ਪ੍ਰਕਿਰਿਆ ਕੀਤੀ ਜਾ ਰਹੀ ਹੈ ਇਸ ਮੌਕੇ ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਨੋਟਿਸ ਜਾਰੀ ਕਰਨ ਦੇ ਨਾਲ-ਨਾਲ ਵੋਟਰਾਂ ਦੀ ਪੂਰੀ ਸੁਣਵਾਈ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਦਸਤਾਵੇਜ਼ਾਂ ਬਾਰੇ ਪੂਰੀ ਤਰ੍ਹਾਂ ਜਾਗਰੂਕ ਕੀਤਾ ਜਾਵੇ ਤਾਂ ਜੋ ਕੋਈ ਵੀ ਯੋਗ ਵੋਟਰ ਦੀ ਵੋਟ ਕੱਟੀ ਨਾ ਜਾਵੇ ਅਤੇ ਉਨ੍ਹਾਂ ਨੂੰ ਦਸਤਾਵੇਜ਼ ਜਮ੍ਹਾਂ ਕਰਵਾਉਣ ਦਾ ਪੂਰਾ ਮੌਕਾ ਮਿਲੇ ਉਨ੍ਹਾਂ ਜ਼ਿਲ੍ਹੇ ਦੇ ਸਬੰਧਤ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪ੍ਰਾਪਤ ਹੋਏ ਨੋਟਿਸ ਅਨੁਸਾਰ ਨਿਰਧਾਰਿਤ ਮਿਤੀ, ਸਮੇਂ ਅਤੇ ਸਥਾਨ 'ਤੇ ਆਪਣੇ ਲੋੜੀਂਦੇ ਦਸਤਾਵੇਜ਼ ਲੈ ਕੇ ਸੁਣਵਾਈ ਲਈ ਜ਼ਰੂਰ ਪਹੁੰਚਣ ਉਨ੍ਹਾਂ ਦੱਸਿਆ ਕਿ ਵੋਟਰ ਰਜਿਸਟ੍ਰੇਸ਼ਨ ਅਤੇ ਨਿਯਮਾਂ ਦੀ ਵਧੇਰੇ ਜਾਣਕਾਰੀ ਲਈ ਮੁੱਖ ਚੋਣ ਅਫ਼ਸਰ ਪੰਜਾਬ ਦੀ ਵੈਬਸਾਈਟ 'ਤੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਦਾ ਨਾਮ ਡਰਾਫਟ ਵੋਟਰ ਸੂਚੀ 'ਚ ਦਰਜ ਹੋਣ ਤੋਂ ਰਹਿ ਗਿਆ ਹੈ ਤਾਂ ਉਹ 12 ਸਤੰਬਰ 2026 ਤੱਕ ਫਾਰਮ ਨੰਬਰ 6 ਭਰ ਕੇ ਆਨਲਾਈਨ ਜਾਂ ਦਸਤੀ ਰੂਪ ਵਿੱਚ ਵਿੱਚ ਆਪਣਾ ਦਾਅਵਾ ਦਰਜ ਕਰ ਸਕਦੇ ਹਨ।

ਮੈਡੀਏਸ਼ਨ 3.0 ਮੁਹਿੰਮ ਤਹਿਤ ਵੱਧ ਤੋਂ ਵੱਧ ਕੇਸ ਮੈਡੀਏਸ਼ਨ ਲਈ ਭੇਜਣ ਲਈ ਅਤੇ ਵਿਵਾਦਾਂ ਦਾ ਸਹਿਮਤੀ ਨਾਲ ਨਿਪਟਾਰੇ ਲਈ ਕੀਤਾ ਜਾ ਰਿਹੈ ਜਾਗਰੂਕ

ਮਾਨਸਾ, 25 ਅਗਸਤ (ਗੁਰਰਾਜ ਸਿੰਘ ਚਹਿਲ) ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ ਸ਼੍ਰੀ ਮਨਜਿੰਦਰ ਸਿੰਘ ਦੀ ਰਹਿਨੁਮਾਈ ਹੇਠ ਸਕੱਤਰ ਮਿਸ. ਰਾਜਵਿੰਦਰ ਕੌਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ ਵੱਲੋਂ ਮੈਡੀਏਸ਼ਨ 3.0 ਮੁਹਿੰਮ ਤਹਿਤ ਲੋਕਾਂ ਨੂੰ ਮੈਡੀਏਸ਼ਨ ਰਾਹੀਂ ਆਪਣੇ ਵਿਵਾਦਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ

ਇਸ ਮੁਹਿੰਮ ਦਾ ਮੁੱਖ ਉਦੇਸ਼ ਵੱਧ ਤੋਂ ਵੱਧ ਯੋਗ ਕੇਸਾਂ ਨੂੰ ਮੈਡੀਏਸ਼ਨ ਲਈ ਰੈਫਰ ਕਰਨਾ ਅਤੇ ਧਿਰਾਂ ਨੂੰ ਆਪਸੀ ਸਹਿਮਤੀ ਰਾਹੀਂ ਆਪਣੇ ਵਿਵਾਦਾਂ ਦਾ ਸੁਖਾਵੇਂ ਢੰਗ ਨਾਲ ਨਿਪਟਾਰਾ ਕਰਨ ਲਈ ਉਤਸ਼ਾਹਿਤ ਕਰਨਾ ਹੈ ਇਸ ਸਬੰਧੀ ਅਦਾਲਤਾਂ ਅਤੇ ਸਬੰਧਤ ਧਿਰਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਜਿਹੜੇ ਕੇਸ ਮੈਡੀਏਸ਼ਨ ਰਾਹੀਂ ਨਿਪਟਾਰੇ ਯੋਗ ਹਨ, ਉਨ੍ਹਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਮੈਡੀਏਸ਼ਨ ਲਈ ਭੇਜਿਆ ਜਾਵੇ ਮੈਡੀਏਸ਼ਨ ਇੱਕ ਸਵੈ-ਇੱਛਤ, ਗੁਪਤ ਅਤੇ ਸੁਲਹ-ਸਮਝੌਤੇ 'ਤੇ ਆਧਾਰਿਤ ਪ੍ਰਕਿਰਿਆ ਹੈ, ਜਿਸ ਵਿੱਚ ਇੱਕ ਨਿਰਪੱਖ ਮੈਡੀਏਟਰ ਦੋਵੇਂ ਧਿਰਾਂ ਨੂੰ ਆਪਸੀ ਗੱਲਬਾਤ ਰਾਹੀਂ ਵਿਵਾਦ ਦਾ ਹੱਲ ਲੱਭਣ ਵਿੱਚ ਸਹਾਇਤਾ ਕਰਦਾ ਹੈ ਇਸ ਪ੍ਰਕਿਰਿਆ ਰਾਹੀਂ ਸਮੇਂ ਅਤੇ ਖਰਚੇ ਦੀ ਬਚਤ ਹੋਣ ਦੇ ਨਾਲ-ਨਾਲ ਧਿਰਾਂ ਵਿਚਕਾਰ ਆਪਸੀ ਸਬੰਧਾਂ ਨੂੰ ਵੀ ਬਰਕਰਾਰ ਰੱਖਣ ਵਿੱਚ ਮਦਦ ਮਿਲਦੀ ਹੈ

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ ਵੱਲੋਂ ਮੈਡੀਏਸ਼ਨ 3.0 ਮੁਹਿੰਮ ਦੌਰਾਨ ਵੱਧ ਤੋਂ ਵੱਧ ਕੇਸ ਮੈਡੀਏਸ਼ਨ ਲਈ ਲਗਾਉਣ ਅਤੇ ਵੱਧ ਤੋਂ ਵੱਧ ਕੇਸਾਂ ਦਾ ਆਪਸੀ ਸਹਿਮਤੀ ਰਾਹੀਂ ਨਿਪਟਾਰਾ ਕਰਵਾਉਣ ਲਈ

ਲੋੜੀਂਦੇ ਉਪਰਾਲੇ ਕੀਤੇ ਜਾ ਰਹੇ ਹਨ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਉਹ ਆਪਣੇ ਵਿਵਾਦਾਂ ਦਾ ਸ਼ਾਂਤੀਪੂਰਨ ਅਤੇ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ ਮੈਡੀਏਸ਼ਨ ਦੀ ਸਹੂਲਤ ਦਾ ਵੱਧ ਤੋਂ ਵੱਧ ਲਾਭ ਲੈਣ ਯੋਗ ਵਿਅਕਤੀ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਮੈਡੀਏਸ਼ਨ ਸਬੰਧੀ ਜਾਣਕਾਰੀ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਲੈ ਕੇ ਆਰਸੀਐੱਫ ਐਂਪਲਾਈਜ਼ ਯੂਨੀਅਨ ਦਾ ਸੰਘਰਸ਼ ਜਾਰੀ, ਡਾ. ਭੀਮ ਰਾਓ ਅੰਬੇਡਕਰ ਚੌਕ ਵਿਖੇ ਜ਼ੋਰਦਾਰ ਰੋਸ ਪ੍ਰਦਰਸ਼ਨ

ਕਪੂਰਥਲਾ, 25 ਅਗਸਤ (ਇੰਦਰਜੀਤ) ਚਾਹਲ ਰੇਲ ਕੋਚ ਫੈਕਟਰੀ ਕਪੂਰਥਲਾ ਵਿੱਚ ਕਰਮਚਾਰੀਆਂ ਨਾਲ ਜੁੜੇ ਮਹੱਤਵਪੂਰਨ ਅਤੇ ਲੰਬੇ ਸਮੇਂ ਤੋਂ ਲੰਬਿਤ ਮਸਲਿਆਂ ਨੂੰ ਲੈ ਕੇ ਆਰਸੀਐੱਫ ਐਂਪਲਾਈਜ਼ ਯੂਨੀਅਨ ਦਾ ਸੰਘਰਸ਼ ਲਗਾਤਾਰ ਜਾਰੀ ਹੈ ਇਸੇ ਕੜੀ ਵਿੱਚ ਅੱਜ 24 ਅਗਸਤ 2026 ਨੂੰ ਆਰਸੀਐੱਫ ਦੇ ਡਾ. ਭੀਮ ਰਾਓ ਅੰਬੇਡਕਰ ਚੌਕ ਵਿਖੇ ਆਰਸੀਐੱਫ ਐਂਪਲਾਈਜ਼ ਯੂਨੀਅਨ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਕਰਮਚਾਰੀ ਇਕੱਠੇ ਹੋਏ ਅਤੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਪ੍ਰਸ਼ਾਸਨ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਪ੍ਰਦਰਸ਼ਨ ਦੌਰਾਨ ਕਰਮਚਾਰੀਆਂ ਨੇ ਆਪਣੇ ਹੱਕਾਂ ਅਤੇ ਅਧਿਕਾਰਾਂ ਨਾਲ ਜੁੜੇ ਵੱਖ-ਵੱਖ ਮਹੱਤਵਪੂਰਨ ਮਸਲਿਆਂ ਨੂੰ ਲੈ ਕੇ ਪ੍ਰਸ਼ਾਸਨ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਯੂਨੀਅਨ ਨੇ ਸਪੱਸ਼ਟ ਕੀਤਾ ਕਿ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਲੰਬੇ ਸਮੇਂ ਤੱਕ ਲਟਕਾਉਣਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਠੋਸ ਕਦਮ ਨਾ ਚੁੱਕਣਾ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਇਸ ਮੌਕੇ ਆਰਸੀਐੱਫ ਐਂਪਲਾਈਜ਼ ਯੂਨੀਅਨ ਦੇ ਪ੍ਰਧਾਨ ਅਮਰੀਕ ਸਿੰਘ ਨੇ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਰਸੀਐੱਫ ਵਿੱਚ ਲੰਬੇ ਸਮੇਂ ਤੋਂ ਖਾਲੀ ਪਈਆਂ 2043 ਅਸਾਮੀਆਂ ਨੂੰ ਤੁਰੰਤ ਭਰਿਆ ਜਾਵੇ, ਤਾਂ ਜੋ ਕਰਮਚਾਰੀਆਂ ਉੱਤੇ ਵੱਧ ਰਹੇ ਵਾਧੂ ਕੰਮ ਦੇ ਬੋਝ ਨੂੰ ਘਟਾਇਆ ਜਾ ਸਕੇ ਅਤੇ ਉਤਪਾਦਨ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਸਕੇ ਉਨ੍ਹਾਂ ਕਿਹਾ ਕਿ ਆਰਸੀਐੱਫ ਦੇ ਉਤਪਾਦਨ ਟੀਚਿਆਂ ਨੂੰ ਧਿਆਨ ਵਿੱਚ ਰੱਖਦਿਆਂ ਲੋੜ ਅਨੁਸਾਰ ਨਵੀਆਂ ਅਸਾਮੀਆਂ ਵੀ ਸਿਰਜੀਆਂ ਜਾਣੀਆਂ ਚਾਹੀਦੀਆਂ ਹਨ, ਕਿਉਂਕਿ ਵਧ ਰਹੇ ਉਤਪਾਦਨ ਦੇ ਅਨੁਸਾਰ ਲੋੜੀਂਦੀ ਮਨੁੱਖੀ ਸ਼ਕਤੀ ਮੁਹੱਈਆ ਕਰਵਾਉਣਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਪ੍ਰਧਾਨ ਅਮਰੀਕ ਸਿੰਘ ਨੇ ਕਰਮਚਾਰੀਆਂ ਨੂੰ ਸਮੇਂ ਸਿਰ ਅਤੇ ਪੂਰਾ ਇਨਸੈਂਟਿਵ ਦੇਣ ਦੀ ਮੰਗ ਵੀ ਜ਼ੋਰਦਾਰ ਢੰਗ ਨਾਲ ਉਠਾਈ ਉਨ੍ਹਾਂ ਕਿਹਾ ਕਿ ਕਰਮਚਾਰੀ ਮੁਸ਼ਕਲ ਹਾਲਾਤਾਂ ਵਿੱਚ ਵਾਧੂ ਮਿਹਨਤ ਕਰਕੇ ਉਤਪਾਦਨ ਟੀਚਿਆਂ ਨੂੰ ਹਾਸਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ ਇਸ ਲਈ ਉਨ੍ਹਾਂ ਦੇ ਇਨਸੈਂਟਿਵ ਵਿੱਚ ਕਿਸੇ ਵੀ ਤਰ੍ਹਾਂ ਦੀ ਗੈਰ-ਵਾਜਬ ਕਟੌਤੀ ਜਾਂ ਦੇਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਉਨ੍ਹਾਂ ਆਰਸੀਐੱਫ ਵਿੱਚ ਲੋੜੀਂਦੀ ਮਾਤਰਾ ਵਿੱਚ ਅਤੇ ਸਮੇਂ ਸਿਰ ਮੈਟੀਰੀਅਲ ਉਪਲਬਧ ਕਰਵਾਉਣ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਉਤਪਾਦਨ ਦੇ ਟੀਚੇ ਨਿਰਧਾਰਤ ਕੀਤੇ ਜਾਂਦੇ ਹਨ



ਤਾਂ ਉਨ੍ਹਾਂ ਟੀਚਿਆਂ ਨੂੰ ਪੂਰਾ ਕਰਨ ਲਈ ਲੋੜੀਂਦਾ ਮੈਟੀਰੀਅਲ ਅਤੇ ਸਰੋਤ ਮੁਹੱਈਆ ਕਰਵਾਉਣਾ ਵੀ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਮੈਟੀਰੀਅਲ ਦੀ ਘਾਟ ਦਾ ਖਮਿਆਜ਼ਾ ਕਰਮਚਾਰੀਆਂ ਨੂੰ ਨਹੀਂ ਭੁਗਤਣਾ ਪੈ ਸਕਦਾ ਇਸ ਦੇ ਨਾਲ ਹੀ ਯੂਨੀਅਨ ਨੇ ਆਰਸੀਐੱਫ ਦੀਆਂ 147 ਅਸਾਮੀਆਂ (2 ਪ੍ਰਤੀਸ਼ਤ) ਨੂੰ ਖਤਮ ਕਰਨ ਦੇ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਵੀ ਪ੍ਰਮੁੱਖਤਾ ਨਾਲ ਉਠਾਈ ਯੂਨੀਅਨ ਨੇ ਕਿਹਾ ਕਿ ਅਸਾਮੀਆਂ ਖਤਮ ਕਰਨ ਦੀ ਬਜਾਏ ਆਰਸੀਐੱਫ ਦੀ ਉਤਪਾਦਨ ਸਮਰੱਥਾ ਅਤੇ ਭਵਿੱਖ ਦੀਆਂ ਲੋੜਾਂ ਨੂੰ ਦੇਖਦਿਆਂ ਕਰਮਚਾਰੀਆਂ ਦੀ ਗਿਣਤੀ ਅਤੇ ਅਸਾਮੀਆਂ ਵਿੱਚ ਵਾਧਾ ਕੀਤਾ ਜਾਣਾ ਚਾਹੀਦਾ ਹੈ ਇਸ ਦੇ ਨਾਲ ਹੀ ਰੀ-ਇੰਗੇਜਮੈਂਟ ਨੀਤੀ ਦਾ ਵਿਰੋਧ ਕਰਦਿਆਂ ਕਿਹਾ ਗਿਆ ਕਿ ਨਿਯਮਤ ਕਰਮਚਾਰੀਆਂ ਦੀਆਂ ਅਸਾਮੀਆਂ ਨੂੰ ਖਤਮ ਕਰਕੇ ਉਨ੍ਹਾਂ ਦੀ ਥਾਂ ਰੀ-ਇੰਗੇਜਮੈਂਟ ਰਾਹੀਂ ਪ੍ਰਬੰਧ ਚਲਾਉਣਾ ਕਰਮਚਾਰੀਆਂ ਦੇ ਹਿੱਤ ਵਿੱਚ ਨਹੀਂ ਹੈ ਯੂਨੀਅਨ ਕਰਮਚਾਰੀਆਂ ਦੇ ਸਥਾਈ ਰੋਜ਼ਗਾਰ, ਸਨਮਾਨਜਨਕ ਸੇਵਾ ਸ਼ਰਤਾਂ ਅਤੇ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਲਈ ਪੂਰੀ ਮਜ਼ਬੂਤੀ ਨਾਲ ਸੰਘਰਸ਼ ਕਰੇਗੀ ਆਰਸੀਐੱਫ ਐਂਪਲਾਈਜ਼ ਯੂਨੀਅਨ ਦੇ ਮਹਾਂਸਚਿਵ ਸਰਬਜੀਤ ਸਿੰਘ ਨੇ ਪੀਐੱਨਐੱਮ ਮੀਟਿੰਗ ਦੌਰਾਨ ਪ੍ਰਸ਼ਾਸਨ ਦੇ ਸਾਹਮਣੇ ਕਰਮਚਾਰੀਆਂ ਨਾਲ ਜੁੜੇ ਇਨ੍ਹਾਂ ਸਾਰੇ ਮਹੱਤਵਪੂਰਨ ਮਸਲਿਆਂ ਨੂੰ ਸਪੱਸ਼ਟ ਅਤੇ ਮਜ਼ਬੂਤੀ ਨਾਲ ਰੱਖਿਆ ਸੀ ਉਨ੍ਹਾਂ ਪ੍ਰਸ਼ਾਸਨ ਨੂੰ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਸੀ ਕਿ ਜੇਕਰ ਇਨ੍ਹਾਂ ਮੰਗਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਜਲਦ ਸਕਾਰਾਤਮਕ ਫੈਸਲਾ ਨਾ ਲਿਆ ਗਿਆ ਤਾਂ ਯੂਨੀਅਨ ਆਪਣੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਮਜਬੂਰ ਹੋਵੇਗੀ ਕਰਮਚਾਰੀਆਂ ਦੇ ਹੱਕਾਂ ਅਤੇ ਅਧਿਕਾਰਾਂ 'ਤੇ ਕਿਸੇ ਵੀ ਤਰ੍ਹਾਂ ਦਾ ਹਮਲਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਯੂਨੀਅਨ ਕਿਸੇ ਵੀ ਦਬਾਅ ਹੇਠ ਕਰਮਚਾਰੀਆਂ ਦੇ ਹਿੱਤਾਂ ਨਾਲ ਸਮਝੌਤਾ ਨਹੀਂ ਕਰੇਗੀ ਜੇਕਰ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦਾ ਸਮੇਂ ਸਿਰ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਅੰਦੋਲਨ ਨੂੰ ਹੋਰ ਵਿਸ਼ਾਲ ਅਤੇ ਤੇਜ਼ ਕੀਤਾ ਜਾਵੇਗਾ ਅੱਜ ਦਾ ਪ੍ਰਦਰਸ਼ਨ ਸਿਰਫ਼ ਸ਼ੁਰੂਆਤ ਹੈ ਯੂਨੀਅਨ ਕਰਮਚਾਰੀਆਂ ਦੇ ਹੱਕਾਂ ਦੀ ਲੜਾਈ ਨੂੰ ਪੂਰੀ ਮਜ਼ਬੂਤੀ ਨਾਲ ਅੱਗੇ ਵਧਾਏਗੀ ਅਤੇ ਪ੍ਰਸ਼ਾਸਨ ਨੂੰ ਕਰਮਚਾਰੀਆਂ ਦੀ ਆਵਾਜ਼ ਸੁਣਨ ਲਈ ਮਜਬੂਰ ਕੀਤਾ ਜਾਵੇਗਾ ਯੂਨੀਅਨ ਨੇ ਐਲਾਨ ਕੀਤਾ ਕਿ 25 ਅਗਸਤ 2026 ਨੂੰ ਵੀ ਡਾ. ਭੀਮ ਰਾਓ ਅੰਬੇਡਕਰ ਚੌਕ ਵਿਖੇ ਜ਼ੋਰਦਾਰ ਨਾਅਰੇਬਾਜ਼ੀ ਅਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਜਦੋਂ ਤੱਕ ਕਰਮਚਾਰੀਆਂ ਨਾਲ ਜੁੜੇ ਸਾਰੇ ਜਾਇਜ਼ ਮਸਲਿਆਂ ਦਾ ਹੱਲ ਨਹੀਂ ਕੀਤਾ ਜਾਂਦਾ, ਉਦੋਂ ਤੱਕ ਆਰਸੀਐੱਫ ਐਂਪਲਾਈਜ਼ ਯੂਨੀਅਨ ਦਾ ਸੰਘਰਸ਼ ਲਗਾਤਾਰ ਜਾਰੀ ਰਹੇਗਾ ਆਰਸੀਐੱਫ ਐਂਪਲਾਈਜ਼ ਯੂਨੀਅਨ ਨੇ ਸਪੱਸ਼ਟ ਕੀਤਾ ਕਿ ਕਰਮਚਾਰੀਆਂ ਦੇ ਹੱਕਾਂ ਅਤੇ ਅਧਿਕਾਰਾਂ ਦੀ ਰੱਖਿਆ ਲਈ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਲੋੜ ਪੈਣ 'ਤੇ ਸੰਘਰਸ਼ ਨੂੰ ਹੋਰ ਵਿਸ਼ਾਲ ਪੱਧਰ 'ਤੇ ਲਿਜਾਇਆ ਜਾਵੇਗਾ

ਪ੍ਰੈਕਟਿਸ ਟੀਚਿੰਗ ਨੂੰ ਸਸ਼ਕਤ ਬਣਾਉਣ ਲਈ ਅਕਾਦਮਿਕ ਸੈਸ਼ਨ ਆਯੋਜਿਤ

ਸੰਗਰੂਰ , 25 ਅਗਸਤ (ਜਗਸੀਰ ਲੌਂਗੋਵਾਲ) ਐੱਸ.ਡੀ. ਕਾਲਜ ਆਫ਼ ਐਜੂਕੇਸ਼ਨ, ਬਰਨਾਲਾ ਵੱਲੋਂ ਨਿਰਦੇਸ਼ਾਤਮਕ ਉਦੇਸ਼ਾਂ ਦਾ ਲੇਖਣ ਵਿਸ਼ੇ ਉੱਤੇ ਇੱਕ ਅਕਾਦਮਿਕ ਸੈਸ਼ਨ ਆਯੋਜਿਤ ਕੀਤਾ ਗਿਆ ਇਹ ਸੈਸ਼ਨ ਸੰਸਥਾ ਦੀ ਪ੍ਰੈਕਟਿਸ ਟੀਚਿੰਗ ਨੂੰ ਸਸ਼ਕਤ ਬਣਾਉਣ ਦੀ ਪਹਿਲਕਦਮੀ ਤਹਿਤ ਡਾ. ਤਪਨ ਕੁਮਾਰ ਸਾਹੂ, ਪ੍ਰਿੰਸੀਪਲ, ਐੱਸ.ਡੀ. ਕਾਲਜ ਆਫ਼ ਐਜੂਕੇਸ਼ਨ, ਬਰਨਾਲਾ ਵੱਲੋਂ ਸੰਚਾਲਿਤ ਕੀਤਾ ਗਿਆ ਪ੍ਰੋਗਰਾਮ ਦਾ ਆਯੋਜਨ ਇੰਟਰਨਸ਼ਿਪ ਕਮੇਟੀ ਵੱਲੋਂ ਕਮੇਟੀ ਦੀ ਕੋਆਰਡੀਨੇਟਰ ਡਾ. ਸ਼ਿਖਾ ਰਾਣੀ ਪ੍ਰਧਾਨ ਅਤੇ ਪ੍ਰੋ. ਇੰਦਰਜੀਤ ਕੌਰ ਦੇ ਤਾਲਮੇਲ ਨਾਲ ਕੀਤਾ ਗਿਆ ਸੈਸ਼ਨ ਵਿੱਚ ਸਾਰੇ ਫੈਕਲਟੀ ਮੈਂਬਰ ਅਤੇ ਭਵਿੱਖ ਦੇ ਅਧਿਆਪਕ ਹਾਜ਼ਰ ਰਹੇ ਡਾ. ਸਾਹੂ ਨੇ ਭਵਿੱਖ ਦੇ ਅਧਿਆਪਕਾਂ ਨੂੰ ਸਪੱਸ਼ਟ, ਪ੍ਰੇਖਣਯੋਗ ਅਤੇ ਮਾਪਣਯੋਗ ਨਿਰਦੇਸ਼ਾਤਮਕ ਉਦੇਸ਼ਾਂ ਦੀ ਰਚਨਾ ਦੇ ਮਹੱਤਵ ਤੋਂ ਜਾਣੂ ਕਰਵਾਇਆ ਅਤੇ 'ਪਛਾਣਨਾ, ਵਰਣਨ ਕਰਨਾ, ਸਮਝਾਉਣਾ, ਵਰਗੀਕਰਨ ਕਰਨਾ, ਉਪਯੋਗ ਕਰਨਾ, ਵਿਸ਼ਲੇਸ਼ਣ ਕਰਨਾ, ਨਿਰਮਾਣ ਕਰਨਾ' ਅਤੇ 'ਮੁਲਾਂਕਣ ਕਰਨਾ' ਵਰਗੇ ਵਿਵਹਾਰਕ ਕਿਰਿਆ-ਸ਼ਬਦਾਂ ਦੀ ਉਚਿਤ ਵਰਤੋਂ ਨੂੰ ਉਦਾਹਰਨਾਂ ਸਹਿਤ ਸਮਝਾਇਆ ਸੈਸ਼ਨ ਵਿੱਚ ਨਿਰਦੇਸ਼ਾਤਮਕ ਉਦੇਸ਼ਾਂ ਨੂੰ ਅਧਿਆਪਨ-ਸਿੱਖਣ ਗਤੀਵਿਧੀਆਂ ਅਤੇ ਮੁਲਾਂਕਣ ਨਾਲ ਤਾਲਮੇਲ ਵਿੱਚ ਰੱਖਣ ਦੇ ਮਹੱਤਵ ਉੱਤੇ ਵੀ ਚਾਨਣਾ ਪਾਇਆ ਗਿਆ ਇਹ ਪ੍ਰੋਗਰਾਮ ਰਾਸ਼ਟਰੀ ਸਿੱਖਿਆ ਨੀਤੀ 2020 ਦੀ ਭਾਵਨਾ ਅਨੁਸਾਰ ਆਯੋਜਿਤ ਕੀਤਾ ਗਿਆ, ਜਿਸ ਵਿੱਚ ਦੱਖਲਤਾ-ਆਧਾਰਿਤ, ਸਿੱਖਿਆਰਥੀ-ਕੇਂਦਰਿਤ ਅਤੇ ਅਨੁਭਵਾਤਮਕ ਸਿੱਖਿਆ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ ਇਸ ਦੇ ਨਾਲ ਹੀ, ਅਧਿਆਪਕ ਸਿੱਖਿਆ ਲਈ ਐੱਨ.ਸੀ.ਟੀ.ਈ. ਦੇ ਢਾਂਚੇ ਵਿੱਚ ਸਕੂਲੀ ਇੰਟਰਨਸ਼ਿਪ ਅਤੇ ਵਿਹਾਰਕ ਭਾਗੀਦਾਰੀ ਨੂੰ ਭਵਿੱਖ ਦੇ ਅਧਿਆਪਕਾਂ ਵਿੱਚ ਪੇਸ਼ੇਵਰ ਦੱਖਲਤਾਵਾਂ ਦੇ ਵਿਕਾਸ ਲਈ ਮਹੱਤਵਪੂਰਨ ਮੰਨਿਆ ਗਿਆ ਹੈ ਕਿਉਂਕਿ ਇਹ ਪ੍ਰੀ-ਇੰਟਰਨਸ਼ਿਪ ਪੜਾਅ ਦਾ ਆਖਰੀ ਦਿਨ ਸੀ, ਇਸ ਲਈ ਅਧਿਆਪਕ ਸਿੱਖਿਆਰਥੀਆਂ ਨੂੰ ਯਾਦ ਕਰਵਾਇਆ ਗਿਆ ਕਿ ਅਗਲੇ ਦਿਨ ਤੋਂ ਉਹ ਅਸਲ ਸਕੂਲੀ ਜਮਾਤਾਂ ਵਿੱਚ ਦਾਖਲ ਹੋ ਕੇ ਵਿਦਿਆਰਥੀਆਂ ਨਾਲ ਸਿੱਧੇ ਤੌਰ ਉੱਤੇ ਕੰਮ ਕਰਨਗੇ ਉਨ੍ਹਾਂ ਨੂੰ ਸਮੇਂ ਦੀ ਪਾਬੰਦੀ, ਅਨੁਸ਼ਾਸਨ, ਉਚਿਤ ਪਹਿਰਾਵਾ, ਪਾਠ ਦੀ ਪੂਰੀ ਤਿਆਰੀ, ਅਧਿਆਪਨ-ਸਹਾਇਕ ਸਮੱਗਰੀ ਦੀ ਪ੍ਰਭਾਵਸ਼ਾਲੀ ਵਰਤੋਂ, ਸਕੂਲ ਦੇ ਸਟਾਫ਼ ਪ੍ਰਤੀ ਸਤਿਕਾਰਯੋਗ ਵਿਵਹਾਰ, ਵਿਦਿਆਰਥੀਆਂ ਦੇ ਕੰਮ ਦੀ ਗੰਭੀਰਤਾ ਨਾਲ ਜਾਂਚ ਕਰਨ ਅਤੇ ਪਾਠਕ੍ਰਮ ਤੇ ਸਹਿ-ਪਾਠਕ੍ਰਮ ਸੰਬੰਧੀ ਗਤੀਵਿਧੀਆਂ ਵਿੱਚ ਸਰਗਰਮ ਭਾਗੀਦਾਰੀ ਸਮੇਤ ਪੇਸ਼ੇਵਰ ਆਚਰਣ ਦੇ ਵੱਖ-ਵੱਖ ਪਹਿਲੂਆਂ ਪ੍ਰਤੀ ਸੰਵੇਦਨਸ਼ੀਲ ਬਣਾਇਆ ਗਿਆ ਅਧਿਆਪਕ ਸਿੱਖਿਆਰਥੀਆਂ ਨੇ ਫੈਕਲਟੀ ਮੈਂਬਰਾਂ ਨੂੰ ਭਰੋਸਾ ਦਿਵਾਇਆ ਕਿ ਉਹ ਆਪਣੀ ਸਕੂਲੀ ਇੰਟਰਨਸ਼ਿਪ ਦੌਰਾਨ ਅਨੁਕਰਣਯੋਗ ਵਿਵਹਾਰ, ਨਿਸ਼ਠਾ ਅਤੇ ਪੇਸ਼ੇਵਰ ਵਚਨਬੱਧਤਾ ਨੂੰ ਕਾਇਮ ਰੱਖਣਗੇ ਅਤੇ ਅਧਿਆਪਨ ਪੇਸ਼ੇ ਅਤੇ ਸੰਸਥਾ ਦੀ ਮਰਿਆਦਾ ਨੂੰ ਅਖੰਡ ਰੱਖਣਗੇ

ਅਨਮੈਪਡ ਵੋਟਰਾਂ ਦੇ ਮਾਮਲਿਆਂ ਦੀ ਪੂਰੀ ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਜਾਂਚ ਕੀਤੀ ਜਾਵੇ-ਜ਼ਿਲ੍ਹਾ ਚੋਣ ਅਫ਼ਸਰ ਨਵਜੋਤ ਕੌਰ

☛ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਐੱਸ.ਆਈ.ਆਰ. ਵਿਚ ਅਨਮੈਪਡ ਵੋਟਰਾਂ ਦੀ ਵਿਸ਼ੇਸ਼ ਸੁਣਵਾਈ ਸਬੰਧੀ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਨੂੰ ਹਦਾਇਤਾਂ ਜਾਰੀ

☛ਵੋਟਰਾਂ ਨੂੰ ਲੋੜੀਂਦੇ ਦਸਤਾਵੇਜ਼ਾਂ ਸਮੇਤ ਆਪਣਾ ਪੱਖ ਪੇਸ਼ ਕਰਕੇ ਵੋਟਰ ਸੂਚੀਆਂ ਨੂੰ ਸਹੀ ਤੇ ਮਜ਼ਬੂਤ ਬਣਾਉਣ ਵਿੱਚ ਸਹਿਯੋਗ ਦੇਣ ਦੀ ਅਪੀਲ

ਮਾਨਸਾ, 25 ਅਗਸਤ:(ਗੁਰਰਾਜ ਸਿੰਘ ਚਹਿਲ)

ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ, ਆਈ.ਏ.ਐੱਸ. ਵੱਲੋਂ ਸਪੈਸ਼ਲ ਇੰਟੈਂਸਿਵ ਰਵੀਜ਼ਨ (ਐੱਸ.ਆਈ.ਆਰ.) ਤਹਿਤ ਅਨਮੈਪਡ ਵੋਟਰਾਂ ਦੀ ਵਿਸ਼ੇਸ਼ ਸੁਣਵਾਈ ਸਬੰਧੀ ਜ਼ਿਲ੍ਹੇ ਦੇ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ (ਈ.ਆਰ.ਓਜ਼) ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਐੱਸ.ਆਈ.ਆਰ. ਦਾ ਮੁੱਖ ਉਦੇਸ਼ ਵੋਟਰ ਸੂਚੀਆਂ ਨੂੰ ਸਹੀ, ਪਾਰਦਰਸ਼ੀ ਅਤੇ ਤਰੁੱਟੀ ਰਹਿਤ ਬਣਾਉਣਾ ਹੈ ਇਸ ਲਈ

ਅਨਮੈਪਡ ਵੋਟਰਾਂ ਨਾਲ ਸਬੰਧਤ ਸਾਰੇ ਮਾਮਲਿਆਂ ਦੀ ਵਿਸ਼ੇਸ਼ ਸੁਣਵਾਈ ਦੌਰਾਨ ਨਿਰਧਾਰਤ ਚੋਣ ਨਿਯਮਾਂ ਅਤੇ ਪ੍ਰਕਿਰਿਆ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ ਉਨ੍ਹਾਂ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਅਨਮੈਪਡ ਵੋਟਰਾਂ ਨੂੰ ਸੁਣਵਾਈ ਦਾ ਉਚਿਤ ਮੌਕਾ ਦਿੱਤਾ ਜਾਵੇ ਅਤੇ ਉਨ੍ਹਾਂ ਵੱਲੋਂ ਪੇਸ਼ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਦੀ ਨਿਰਪੱਖਤਾ ਨਾਲ ਪੜਤਾਲ ਕੀਤੀ ਜਾਵੇ ਹਰ ਮਾਮਲੇ ਦਾ ਫ਼ੈਸਲਾ ਤੱਥਾਂ ਅਤੇ ਲਾਗੂ ਚੋਣ ਨਿਯਮਾਂ ਅਨੁਸਾਰ ਕੀਤਾ ਜਾਵੇ ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਸੁਣਵਾਈ ਦੀ ਪੂਰੀ ਪ੍ਰਕਿਰਿਆ ਦੌਰਾਨ ਪਾਰਦਰਸ਼ਤਾ ਬਣਾਈ ਰੱਖਣ ਦੇ ਨਾਲ-ਨਾਲ ਸਾਰੇ ਰਿਕਾਰਡ ਅਤੇ ਕਾਰਵਾਈ ਨੂੰ ਨਿਰਧਾਰਤ ਪ੍ਰਬੰਧਾਂ ਅਨੁਸਾਰ ਦਰਜ ਕੀਤਾ ਜਾਵੇ ਉਨ੍ਹਾਂ ਕਿਹਾ ਕਿ ਬੀ.ਐੱਲ.ਓਜ਼ ਅਤੇ ਹੋਰ ਸਬੰਧਤ ਸਟਾਫ਼ ਨੂੰ ਵੀ ਇਸ ਸਬੰਧੀ ਸਪੱਸ਼ਟ ਹਦਾਇਤਾਂ ਦਿੱਤੀਆਂ ਜਾਣ ਤਾਂ ਜੋ ਵੋਟਰਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਉਨ੍ਹਾਂ ਕਿਹਾ ਕਿ ਅਨਮੈਪਡ ਵੋਟਰਾਂ ਦੀ ਸੁਣਵਾਈ ਨਾਲ ਸਬੰਧਤ ਮਾਮਲਿਆਂ ਦੀ ਨਿਰੰਤਰ ਨਿਗਰਾਨੀ ਕੀਤੀ ਜਾਵੇ ਅਤੇ ਪ੍ਰਕਿਰਿਆ ਨੂੰ ਨਿਰਧਾਰਤ ਸਮਾਂ-ਸਾਰਣੀ ਅਨੁਸਾਰ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ ਜ਼ਿਲ੍ਹਾ ਚੋਣ ਅਫ਼ਸਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਐੱਸ.ਆਈ.ਆਰ. ਸਬੰਧੀ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਲੋੜੀਂਦੇ ਦਸਤਾਵੇਜ਼ਾਂ ਸਮੇਤ ਆਪਣਾ ਪੱਖ ਪੇਸ਼ ਕਰਨ ਅਤੇ ਵੋਟਰ ਸੂਚੀਆਂ ਨੂੰ ਸਹੀ ਤੇ ਮਜ਼ਬੂਤ ਬਣਾਉਣ ਵਿੱਚ ਸਹਿਯੋਗ ਦੇਣ ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਪੂਨਮ ਸਿੰਘ, ਤਹਿਸੀਲਦਾਰ ਚੋਣਾਂ ਬ੍ਰਿਜ਼ ਕੁਮਾਰ ਹਾਜ਼ਰ ਸਨ।

ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਡਾਇਰੈਕਟਰ ਜਗੀਰ ਸਿੰਘ ਨਾਲ ਬਾਵਾ ਅਤੇ ਗੁਪਤਾ ਨੇ ਕੀਤੀ ਮੁਲਾਕਾਤ

ਲੁਧਿਆਣਾ , 25 ਅਗਸਤ (ਕਰਨੈਲ ਸਿੰਘ ਐੱਮ.ਏ.)- ਅੱਜ ਹਲਵਾਰਾ ਅੰਤਰਰਾਸ਼ਟਰੀ ਏਅਰਪੋਰਟ ਦੇ ਡਾਇਰੈਕਟਰ ਜਗੀਰ ਸਿੰਘ ਨਾਲ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਉੱਘੇ ਉਦਯੋਗਪਤੀ ਅਤੇ ਸਮਾਜ ਸੇਵੀ ਅਵਿਨਾਸ਼ ਗੁਪਤਾ ਨੇ ਮੁਲਾਕਾਤ ਕੀਤੀ ਅਤੇ ਸਾਈਨ ਬੋਰਡ, ਲਾਈਟਾਂ, ਸਿਕਿਉਰਟੀ ਅਤੇ ਹੋਰ ਉਡਾਣਾਂ ਦੀ ਸ਼ੁਰੂਆਤ ਕਰਨ ਸੰਬੰਧੀ ਇੱਕ ਮੰਗ ਪੱਤਰ ਉਹਨਾਂ ਨੂੰ ਦਿੱਤਾ ਗਿਆ ਜਿਸ ਵਿੱਚ ਮੰਗਾਂ ਦੀ ਵਿਸਥਾਰਿਤ ਜਾਣਕਾਰੀ ਹੈ ਅਜਿਹਾ ਹੀ ਮੰਗ ਪੱਤਰ 20 ਦਿਨ ਪਹਿਲਾਂ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਵੀ ਦਿੱਤਾ ਸੀ ਪਰ ਕੋਈ ਐਕਸ਼ਨ ਦਿਖਾਈ ਨਹੀਂ ਦੇ ਰਿਹਾ ਉਹਨਾਂ ਕਿਹਾ ਕਿ ਵਿਦੇਸ਼ਾਂ ਤੋਂ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਯੂ.ਐੱਸ.ਏ. ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ, ਵਾਈਸ ਪ੍ਰਧਾਨ ਨਿਰਮਲ ਸਿੰਘ ਗਰੇਵਾਲ ਅਤੇ ਟ੍ਰਸਟੀ ਬਹਾਦਰ ਸਿੰਘ ਸਿੱਧੂ ਕਥਬਾ ਨੇ ਹਲਵਾਰਾ ਏਅਰਪੋਰਟ ਬਣਨ ਨਾਲ ਸਭ ਪੰਜਾਬੀਆਂ ਨੂੰ ਵਧਾਈ ਦਿੱਤੀ।

ਗੁਰੂ ਨਾਨਕ ਇੰਟਰਨੈਸ਼ਨਲ ਪਬਲਿਕ ਸਕੂਲ, ਮਾਡਲ ਟਾਊਨ ਨੇ ਰੱਖੜੀ ਬਣਾਉਣ ਦੀ ਗਤੀਵਿਧੀ ਦਾ ਆਯੋਜਨ ਕੀਤਾ

ਲੁਧਿਆਣਾ , 25 ਅਗਸਤ (ਕਰਨੈਲ ਸਿੰਘ ਐੱਮ. ਏ.) ਰੱਖੜੀ ਬੰਧਨ ਦੀ ਭਾਵਨਾ ਦਾ ਜਸ਼ਨ ਮਨਾਉਣ ਲਈ, ਗੁਰੂ ਨਾਨਕ ਇੰਟਰਨੈਸ਼ਨਲ ਪਬਲਿਕ ਸਕੂਲ, ਮਾਡਲ ਟਾਊਨ ਨੇ ਤੀਜੀ ਤੋਂ ਅੱਠਵੀਂ ਜਮਾਤ ਲਈ ਅੰਤਰ-ਘਰ ਰਾਖੀ ਬਣਾਉਣ ਦੀ ਗਤੀਵਿਧੀ ਅਤੇ ਛੇਵੀਂ ਤੋਂ ਅੱਠਵੀਂ ਜਮਾਤ ਲਈ ਕਾਰਡ-ਮੇਕਿੰਗ ਗਤੀਵਿਧੀ ਦਾ ਆਯੋਜਨ ਕੀਤਾ ਇਨ੍ਹਾਂ ਗਤੀਵਿਧੀਆਂ ਨੇ ਵਿਦਿਆਰਥੀਆਂ ਨੂੰ ਆਪਣੀ ਸਿਰਜਣਾਤਮਕਤਾ, ਕਲਾਤਮਕ ਹੁਨਰ ਅਤੇ ਕਲਪਨਾ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਸ਼ਾਨਦਾਰ ਪਲੇਟਫਾਰਮ ਪ੍ਰਦਾਨ ਕੀਤਾ ਭਾਗੀਦਾਰਾਂ ਨੇ ਕਈ ਤਰ੍ਹਾਂ ਦੀਆਂ ਸੁੰਦਰ ਅਤੇ ਨਵੀਨਤਾਕਾਰੀ ਹੱਥ ਨਾਲ ਬਣੀਆਂ ਰੱਖੜੀਆਂ ਤਿਆਰ ਕੀਤੀਆਂ, ਜੋ ਭਰਾਵਾਂ ਅਤੇ ਭੈਣਾਂ ਵਿਚਕਾਰ ਸਾਂਝੇ ਪਿਆਰ, ਦੇਖਭਾਲ ਅਤੇ ਸੁਰੱਖਿਆ ਦੇ ਪਵਿੱਤਰ ਬੰਧਨ ਨੂੰ ਦਰਸਾਉਂਦੀਆਂ ਹਨ ਕਾਰਡ-ਮੇਕਿੰਗ ਗਤੀਵਿਧੀ ਨੇ ਵਿਦਿਆਰਥੀਆਂ ਨੂੰ ਰੰਗੀਨ ਅਤੇ ਵਿਚਾਰਸ਼ੀਲ ਰਚਨਾਵਾਂ ਰਾਹੀਂ ਆਪਣੇ ਭੈਣਾਂ-ਭਰਾਵਾਂ ਲਈ ਆਪਣੇ ਪਿਆਰ ਅਤੇ ਕਦਰਦਾਨੀ ਦਾ ਪ੍ਰਗਟਾਵਾ ਕਰਨ ਲਈ ਹੋਰ ਉਤਸ਼ਾਹਿਤ ਕੀਤਾ ਡਾਇਰੈਕਟਰ, ਸ਼੍ਰੀਮਤੀ ਗੁਰਮੰਤ ਕੌਰ ਗਿੱਲ ਅਤੇ ਕਾਰਜਕਾਰੀ ਪ੍ਰਿੰਸੀਪਲ, ਸ਼੍ਰੀਮਤੀ ਗੁਰਜੀਤ ਕੌਰ ਨੇ ਸਾਰੇ ਵਿਦਿਆਰਥੀਆਂ ਦੀ ਉਨ੍ਹਾਂ ਦੇ ਉਤਸ਼ਾਹ, ਰਚਨਾਤਮਕਤਾ ਅਤੇ ਰੱਖੜੀ ਨਾਲ ਜੁੜੇ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿੱਚ ਸਰਗਰਮ ਭਾਗੀਦਾਰੀ ਦੀ ਸ਼ਲਾਘਾ ਕੀਤੀ।

70ਵੇਂ ਜ਼ਿਲ੍ਹਾ ਸਕੂਲ ਟੂਰਨਾਮੈਂਟ 'ਚ ਲੜਕਿਆਂ ਦੇ ਕਬੱਡੀ ਨੈਸ਼ਨਲ ਸਟਾਈਲ ਮੁਕਾਬਲੇ ਕਰਵਾਏ ਗਏ

ਪਟਿਆਲਾ , 25 ਅਗਸਤ (ਪੀ. ਐੱਸ. ਗਰੇਵਾਲ) ਪਹਿਲਾਂ,ਪਾਤੜਾਂ ਨੇ ਦੂਜਾ, ਦਵਿੰਦਰ ਸਿੰਘ ਜੋਨਲ ਸਕੱਤਰ

ਜ਼ਿਲ੍ਹਾ ਸਿੱਖਿਆ ਅਫ਼ਸਰ ਸ਼ਾਲੂ ਮਹਿਰਾ ਦੀ ਯੋਗ ਅਗਵਾਈ ਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ ਰਵਿੰਦਰਪਾਲ ਸ਼ਰਮਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ. ਦਲਜੀਤ ਸਿੰਘ ਤੇ ਜ਼ਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਅੰਡਰ 14/17/19 ਲੜਕਿਆਂ ਦੇ ਕਬੱਡੀ ਨੈਸ਼ਨਲ ਸਟਾਈਲ ਦੇ ਮੁਕਾਬਲੇ ਪੀ.ਐੱਮ.ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਮਲਟੀਪਰਪਜ਼ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਕਰਵਾਏ ਗਏ ਅੰਡਰ 14 ਦੇ ਮੁਕਾਬਲਿਆਂ ਵਿੱਚ ਨਾਭਾ ਜੋਨ ਨੇ ਪਹਿਲਾਂ,ਰਾਜਪੁਰਾ ਨੇ ਦੂਜਾ, ਪਟਿਆਲਾ-1 ਨੇ ਤੀਜਾ,ਅੰਡਰ 17 ਦੇ ਮੁਕਾਬਲਿਆਂ ਵਿੱਚ ਘਨੌਰ ਜੋਨ ਨੇ

ਪਟਿਆਲਾ-1 ਨੇ ਤੀਜਾ,ਅੰਡਰ 19 ਦੇ ਮੁਕਾਬਲਿਆਂ ਵਿੱਚ ਘਨੌਰ ਜੋਨ ਨੇ ਪਹਿਲਾ,ਭਾਦਸੋ ਜੋਨ ਨੇ ਦੂਜਾ ਤੇ ਪਟਿਆਲੀ-1 ਨੇ ਤੀਜਾ ਸਥਾਨ ਪ੍ਰਾਪਤ ਕੀਤਾ ਜਿਲਾ ਸਪੋਰਟਸ ਕੋਆਰਡੀਨੇਟਰ ਡਾ ਦਲਜੀਤ ਸਿੰਘ ਅਤੇ ਜਿਲਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਨੇ ਉਚੇਚੇ ਤੌਰ ਤੇ ਪਹੁੰਚ ਕੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ ਇਸ ਮੌਕੇ ਤੇ ਪਾਤੜਾਂ, ਅਮਨਿੰਦਰ ਸਿੰਘ ਜੋਨਲ ਸਕੱਤਰ ਪਟਿ-1,ਜਸਵਿੰਦਰ ਸਿੰਘ ਜੋਨਲ ਸਕੱਤਰ ਘਨੌਰ, ਬਲਵਿੰਦਰ ਸਿੰਘ ਜੱਸਲ ਜੋਨਲ ਸਕੱਤਰ ਪਟਿ-2,ਅਲਬਰਟ, ਬੀਰਦਵਿੰਦਰ ਸਿੰਘ,ਮਨਦੀਪ ਸ਼ਰਮਾ,ਮਲਕੀਤ ਸਿੰਘ,ਕੁਲਵੰਤ ਸਿੰਘ,ਸ਼ਿਵ ਭੰਡੀਰ,ਜਸਵੰਤ ਸਿੰਘ,ਲਖਵਿੰਦਰ ਸਿੰਘ,ਰਕੇਸ਼ ਕੁਮਾਰ ਲਚਕਾਣੀ ਅਤੇ ਇੰਚਾਰਜ ਜਸਵਿੰਦਰ ਸਿੰਘ ਹਾਜਰ ਸਨ।

ਗਾਇਕ ਬਲਵਿੰਦਰ ਬਿੰਦਾ ਤੇ ਗਾਇਕਾ ਕੌਰ ਗਗਨ ਦੀ ਅਵਾਜ਼ 'ਚ ਗਾਇਆ ਸਿੰਗਲ ਡਿਊਟ ਟਰੈਕ ਗਾਂਧੀ ਵਾਲੇ ਨੋਟ ਹੋਇਆ ਰਿਲੀਜ਼

ਫਗਵਾੜਾ , 25 ਅਗਸਤ (ਸਤ ਪ੍ਰਕਾਸ਼ ਸਿੰਘ ਸੱਗੂ)

ਪ੍ਰਸਿੱਧ ਪੰਜਾਬੀ ਗਾਇਕ ਬਲਵਿੰਦਰ ਬਿੰਦਾ ਅਤੇ ਗਾਇਕਾ ਕੌਰ ਗਗਨ ਦੀ ਸੁਰੀਲੀ ਅਵਾਜ਼ 'ਚ ਗਾਇਆ ਸਿੰਗਲ ਡਿਊਟ ਟਰੈਕ " ਗਾਂਧੀ ਵਾਲੇ ਨੋਟ " ਸੰਗਦਿਲ-47 ਮਿਊਜ਼ਿਕ ਦੇ ਬੈਨਰ ਹੇਠ ਰਿਲੀਜ਼ ਰਿਲੀਜ਼ ਕੀਤਾ ਗਿਆ ਗਾਇਕ ਬਲਵਿੰਦਰ ਬਿੰਦਾ ਨੇ ਗੱਲਬਾਤ ਕਰਦਿਆ ਦੱਸਿਆ ਕਿ " ਗਾਂਧੀ ਵਾਲੇ ਨੋਟ " ਗੀਤ ਨੂੰ ਗੀਤਕਾਰ ਭੰਗੂ ਫਲੇੜੇ ਵਾਲੇ ਨੇ ਕਲਮਬੱਧ ਕੀਤਾ ਹੈ, ਜਦ ਕਿ ਇਸ ਦਾ ਸੰਗੀਤ ਦਾ ਮਿਊਜ਼ਿਕ ਫੈਕਟਰੀ (ਕਰਨੈਲ ਸਿੰਘ) ਨੇ ਤਿਆਰ ਕੀਤਾ ਹੈ ਜਦ ਕਿ ਪੋਸਟਰ ਦਾ ਡਿਜਾਇਨ ਦੀਪਸੁੱਖ ਨੇ ਤਿਆਰ ਕੀਤਾ ਹੈ ਗਾਇਕ ਬਲਵਿੰਦਰ ਬਿੰਦਾ ਨੇ ਦੱਸਿਆ ਕਿ ਸਿੰਗਲ ਡਿਊਟ ਟਰੈਕ " ਗਾਂਧੀ ਵਾਲੇ ਨੋਟ " ਨੂੰ ਵੱਖ ਵੱਖ ਸਾਈਟਾਂ ਰਿਲੀਜ਼ ਹੋ ਚੁੱਕਾ ਹੈ ਅਤੇ ਸਰੋਤਿਆ ਵਲੋਂ ਕਾਫੀ ਪਸੰਦ ਕੀਤਾ ਜਾ ਰਿਹਾ ਹੈ ਗਾਇਕ ਬਲਵਿੰਦਰ ਬਿੰਦਾ ਨੇ ਕਿਹਾ ਕਿ ਸਰੋਤੇ ਇਸ ਸਿੰਗਲ ਡਿਊਟ ਟਰੈਕ ਨੂੰ ਵੀ ਮੇਰੇ ਪਹਿਲੇ ਆਏ ਗੀਤਾਂ ਵਾਂਗ ਹੀ ਇਸ ਨੂੰ ਗੀਤ ਨੂੰ ਭਰਵਾਂ ਹੁੰਗਾਰਾ ਦੇ ਰਹੇ ਹਨ



ਐਨ.ਪੀ.ਐਸ ਸਕੂਲ ਦੇ ਖਿਡਾਰੀ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਸਕੂਲ ਹੈਂਡਬਾਲ ਟੂਰਨਾਮੈਂਟ ਵਿੱਚ ਜਿੱਤੇ ਤਗਮੇ

ਕੁਰਾਲੀ, 25 ਅਗਸਤ (ਰਾਜੀਵ ਸਿੰਗਲਾ, ਪਰਮਜੀਤ ਸਿੰਘ) : ਸਥਾਨਕ ਸ਼ਹਿਰ ਦੇ ਮੋਰਿੰਡਾ ਰੋਡ ਤੇ ਸਥਿਤ ਨੈਸ਼ਨਲ ਪਬਲਿਕ ਸਕੂਲ ਦੇ ਅੰਡਰ-14 ਲੜਕਿਆਂ ਨੇ ਜ਼ਿਲ੍ਹਾ ਪੱਧਰੀ ਸਕੂਲ ਹੈਂਡਬਾਲ ਟੂਰਨਾਮੈਂਟ 2026-27, ਜੋ ਕਿ 321, ਮੋਹਾਲੀ ਵਿਖੇ ਆਯੋਜਿਤ ਕੀਤਾ ਗਿਆ ਸੀ, ਵਿੱਚ ਗੋਲਡ ਮੈਡਲ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ, ਜਿਸ ਵਿੱਚ ਗੁਰਤੇਜਵੀਰ ਸਿੰਘ ਅਤੇ ਕਰਨਵੀਰ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਦੋਵਾਂ ਖਿਡਾਰੀਆਂ ਨੇ ਪੂਰੇ ਟੂਰਨਾਮੈਂਟ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਆਪਣੀ ਟੀਮ ਦੀ ਸਫਲਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਜਦੋਂ ਕਿ ਅੰਡਰ-19 ਲੜਕਿਆਂ ਦੇ ਵਰਗ ਵਿੱਚ



ਸਾਹਿਲਪ੍ਰੀਤ ਸਿੰਘ, ਦਿਲਪ੍ਰੀਤ ਸਿੰਘ, ਗੁਰਸ਼ਾਨ ਸਿੰਘ, ਗੁਰੂ ਪ੍ਰਤਾਪ ਸਿੰਘ, ਵਿਵੇਕ ਪਵਾਰ, ਅਯਾਨ ਭਾਰਦਵਾਜ ਅਤੇ ਸੁਖਮਨਜੋਤ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਸ਼ਾਨਦਾਰ ਜਿੱਤ ਦਰਜ ਕੀਤੀ। ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ, ਚੇਅਰਪਰਸਨ ਸ਼੍ਰੀਮਤੀ ਸੰਤੋਸ਼ ਸ਼ਰਮਾ, ਮੈਨੇਜਰ ਸ਼੍ਰੀ ਅਮਨ ਸ਼ਰਮਾ, ਖਜ਼ਾਨਚੀ ਸ਼੍ਰੀ ਈਸ਼ ਅਗਰਵਾਲ ਅਤੇ ਪ੍ਰਿੰਸੀਪਲ ਡਾ. ਕਵਿਤਾ ਕੁੰਦਰਾ ਨੇ ਜੇਤੂ ਖਿਡਾਰੀਆਂ ਅਤੇ ਖੇਡ ਅਧਿਆਪਕਾਂ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਖਿਡਾਰੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਵਿਦਿਆਰਥੀਆਂ ਵਿੱਚ ਖੇਡ ਭਾਵਨਾ, ਅਨੁਸ਼ਾਸਨ, ਆਤਮਵਿਸ਼ਵਾਸ ਅਤੇ ਟੀਮ ਭਾਵਨਾ ਨੂੰ ਉਤਸ਼ਾਹਿਤ ਕਰਦੀਆਂ ਹਨ। ਸਕੂਲ ਦੇ ਖਿਡਾਰੀਆਂ ਨੇ ਇੱਕ ਵਾਰ ਫਿਰ ਆਪਣੀ ਮਿਹਨਤ, ਲਗਨ ਅਤੇ ਸ਼ਾਨਦਾਰ ਖੇਡ ਪ੍ਰਤਿਭਾ ਨਾਲ ਸਕੂਲ ਦਾ ਨਾਮ ਰੌਸ਼ਨ ਕੀਤਾ।

ਸਿਰਫ਼ ਕਾਂਗਰਸ ਹੀ ਲਿਜਾ ਸਕਦੀ ਹੈ, ਪੰਜਾਬ ਨੂੰ ਅੱਗੇ : ਕੰਗ ਮੈਨੂੰ ਮਾਣ ਹੈ, ਹਲਕੇ ਚ' ਕਰਵਾਏ ਵਿਕਾਸ ਕਾਰਜਾਂ 'ਤੇ

ਕੁਰਾਲੀ, 25 ਅਗਸਤ (ਰਾਜੀਵ ਸਿੰਗਲਾ, ਪਰਮਜੀਤ ਸਿੰਘ)

ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਅਤੇ ਸਾਬਕਾ ਮੰਤਰੀ ਸ. ਜਗਮੋਹਨ ਸਿੰਘ ਕੰਗ ਨੇ ਪਿੰਡ ਮੁੱਲਾਂਪੁਰ ਗਰੀਬਦਾਸ ਵਿਖੇ ਸਮਿਤੀ ਮੈਂਬਰ ਸਤੀਸ਼ ਕੁਮਾਰ ਸੇਠੀ ਅਤੇ ਉਨ੍ਹਾਂ ਦੇ ਸਾਥੀਆਂ ਦੀ ਅਗਵਾਈ ਹੇਠ ਕਰਵਾਈ ਗਈ ਇੱਕ ਭਰਵੀਂ ਮੀਟਿੰਗ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਜੇ ਪਿੱਛੇ ਨਿਗਾਹ ਮਾਰੀਏ, ਕਿ ਜਦੋਂ—ਜਦੋਂ ਕਾਂਗਰਸ ਸਰਕਾਰ ਸੂਬੇ ਵਿੱਚ ਬਣੀ ਹੈ, ਉਦੋਂ ਹੀ ਪੰਜਾਬ ਵਿੱਚ ਬੇਮਿਸਾਲ ਸਰਬ—ਪੱਖੀ ਵਿਕਾਸ ਹੋਇਆ। ਪਰ ਹੁਣ 2022 ਤੋਂ ਪੰਜਾਬ ਵਿੱਚ ਦਾਗਲੀ, ਅਨਜਾਣ, ਗੈਰ-ਤਜਰਬੇਕਾਰ ਅਤੇ ਹੰਕਾਰੀ ਆਪ/ਮਾਨ ਸਰਕਾਰ ਬਣੀ ਹੈ, ਜਿਸ ਨੇ ਪੰਜਾਬ ਨੂੰ ਰੋਲ ਕੇ ਰੱਖ ਦਿੱਤਾ ਹੈ, ਸੂਬੇ ਨੂੰ ਕਰ ਦਿੱਤਾ ਕੰਗਾਲ/ਬੇਮਿਸਾਲ ਕਰਜ਼ਈ, ਚਾਰੇ ਪਾਸੇ ਸਰਕਾਰੀ ਮੁਲਾਜ਼ਮਾਂ ਦੀ ਹਾਹਾਕਾਰ, ਸਾਰੇ ਦਫ਼ਤਰਾਂ ਵਿੱਚ ਭ੍ਰਿਸ਼ਟਾਚਾਰ ਦਾ ਬੋਲ—ਬਾਲਾ, ਸੂਬੇ ਵਿੱਚ ਖਾਸ ਤੌਰ 'ਤੇ ਮੇਰੇ ਹਲਕੇ ਖਰੜ ਵਿੱਚ ਲਿੰਕ ਸੜਕਾਂ ਦੀ ਹਾਲਤ ਹੋਈ ਬਦ ਤੋਂ ਬਦਤਰ, ਨਵੀਆਂ ਚੁਣੀਆਂ ਪੰਚਾਇਤਾਂ ਉਡੀਕ ਰਹੀਆਂ ਹਨ, ਗੁੰਡਾਂ ਨੂੰ, ਮਿਲੀਭੁਗਤ ਨਾਲ ਚੱਲ ਰਹੀ ਹੈ, ਨਾਜਾਇਜ਼ ਮਾਈਨਿੰਗ, ਸੂਬੇ ਵਿੱਚ ਬੇਹਿਸਾਬ ਕਤਲੋ—ਗਾਰਦ, ਸ਼ਰੇਆਮ ਗੈਂਗਸਟਰਾਂ ਦਾ ਘੁੰਮਣਾ, ਪਿੰਡ—ਪਿੰਡ ਨਸ਼ਿਆਂ ਦੀ ਭਰਮਾਰ, ਯਾਨੀ ਆਪ ਸਰਕਾਰ ਹਰ ਫ਼ਰੰਟ 'ਤੇ ਹੋਈ ਫੇਲ੍ਹ, ਸੂਬੇ ਵਿੱਚ ਪੂਰਾ ਜੰਗਲਰਾਜ, ਹੁਣ ਸਿਰਫ਼ ਚੋਣਾਂ ਨੇੜੇ ਆ ਕੇ ਆਪ ਵਾਲੇ ਆਪਣੀ ਡਿੱਗੀ ਸਾਖ ਨੂੰ ਬਚਾਉਣ ਲਈ ਬੀਬੀਆਂ—ਭੈਣਾਂ ਨੂੰ ਦੇ ਰਹੇ ਹਨ, 1000/1500 ਰੁਪਏ ਮਾਣ ਭੱਤਾ, ਰਸੋਈ ਕਿੱਟਾਂ ਅਤੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਆਦਿ, ਇਨ੍ਹਾਂ ਦਿੱਤੀਆਂ ਜਾ ਰਹੀਆਂ ਰੇਵੜੀਆ ਨੂੰ ਜਨਤਾ ਹੁਣ ਚੰਗੀ ਤਰ੍ਹਾਂ ਸਮਝਦੀ ਹੈ। ਸਾਬਕਾ ਮੰਤਰੀ ਕੰਗ ਨੇ ਜ਼ੋਰਦਾਰ ਸ਼ਬਦਾਂ ਵਿੱਚ ਕਿਹਾ ਕਿ ਮੈਨੂੰ ਪੂਰਾ ਭਰੋਸਾ ਹੈ, ਕਿ ਪੰਜਾਬ ਨੂੰ ਸਿਰਫ਼ ਸਾਡੀ ਇਤਿਹਾਸਕ ਕਾਂਗਰਸ ਪਾਰਟੀ ਹੀ ਅੱਗੇ ਲੈ ਕੇ ਜਾ ਸਕਦੀ ਹੈ, ਕਿਉਂਕਿ ਸੂਬੇ ਵਿੱਚ ਹੋਰ ਸਿਆਸੀ ਪਾਰਟੀਆਂ ਦਾ ਹਾਲ ਵੀ ਮੰਦਾ, ਖਾਸ ਤੌਰ ਸ਼੍ਰੋਮਣੀ ਅਕਾਲੀ ਦਲ ਹੋ ਰਿਹਾ ਹੈ, ਖੇਰੂ—ਖੇਰੂ, ਇਸ ਲਈ ਸਿਰਫ਼ ਪੰਜਾਬ ਦੀ ਜਨਤਾ ਦੀ ਕਾਂਗਰਸ ਵੱਲ ਹੀ ਝਾਕ ਹੈ, ਮੈਂ ਸੂਬੇ ਵਿੱਚ ਅਤੇ ਖਾਸ ਤੌਰ ਤੇ ਮੇਰੇ ਹਲਕੇ ਖਰੜ ਦੇ ਸਾਰੇ ਕਾਂਗਰਸੀ ਵਰਕਰਾਂ/ਲੀਡਰਾਂ ਨੂੰ ਅਪੀਲ ਕਰਦਾ ਹਾਂ, ਕਿ ਸਾਨੂੰ ਸਭ ਨੂੰ ਦੇਸ਼, ਸੂਬੇ ਅਤੇ ਆਪਣੀ ਕਾਂਗਰਸ ਪਾਰਟੀ ਦੇ ਹਿੱਤ ਵਿੱਚ ਸਾਰੇ ਵੈਰ—ਵਿਰੋਧ, ਖਹਿਬਾਜ਼ੀਆਂ ਭੁਲਾ ਕੇ, ਇੱਕਮੁੱਠ ਹੋ ਕੇ ਕਾਂਗਰਸ ਪਾਰਟੀ ਨੂੰ ਹੋਰ ਲਾਮਬੰਦ/ਮਜ਼ਬੂਤ ਕਰਨ ਦੀ ਲੋੜ ਹੈ ਤਾਂ ਕਿ 2027 ਵਿੱਚ ਸਾਡੀ ਕਾਂਗਰਸ ਦੀ ਸਰਕਾਰ ਬਣ ਸਕੇ।

ਇਸ ਮੌਕੇ ਵੱਡੀ ਗਿਣਤੀ ਵਿੱਚ ਹੋਰਨਾਂ ਤੋਂ ਇਲਾਵਾ ਅਮਰਿੰਦਰ ਸਿੰਘ ਰੋਮੀ ਕੰਗ, ਪ੍ਰਧਾਨ ਰਾਣਾ ਗਿਆਨ ਸਿੰਘ ਘੰਡੌਲੀ, ਚੇਅਰਮੈਨ ਕ੍ਰਿਪਾਲ ਸਿੰਘ ਖਿਜ਼ਰਾਬਾਦ, ਮਹਿਲਾਂ ਪ੍ਰਧਾਨ ਬੀਬੀ ਪਰਮਜੀਤ ਕੌਰ, ਕਾਮਰੇਡ ਅਜੀਤ ਸਿੰਘ, ਸਰਪੰਚ ਜਸਵੰਤ ਸਿੰਘ, ਮੁੱਖਤਿਆਰ ਸਿੰਘ, ਨਰਿੰਦਰ ਸਿੰਘ ਢਕੋਰਾਂ, ਗੁਰਮੇਲ ਸਿੰਘ ਹੁਸ਼ਿਆਰਪੁਰ, ਡਾ. ਜੰਮੂ, ਅਰਵਿੰਦਰ ਕੁਮਾਰ, ਰਿੰਕੂ ਸੈਣੀ, ਬਿਕਰਮਜੀਤ ਸਿੰਘ, ਜਗਬੀਰ ਸਿੰਘ, ਸਰਨੈਲ ਬਾਠ, ਹਰੀਸ਼ ਕਾਲਾ, ਸੰਦੀਪ ਢਾਕਾ, ਤਰਨਵੀਰ ਸਿੰਘ, ਆਦਿ ਹਾਜ਼ਰ ਸਨ।